# ਰਾਜਨੀਤੀ ਸ਼ਾਸਤਰ ਦੇ ਅਧਿਐਨ ਦੀ ਮਹੱਤਤਾ

## IMPORTANCE OF STUDY OF POLITICAL SCIENCE

# 1. ਮਨੁੱਖੀ ਰੁਚੀ
# (Human interest)

ਰਾਜਨੀਤੀ ਮਨੁੱਖ ਲਈ ਸ਼ੁਰੂ ਤੋਂ ਹੀ ਦਿਲਚਸਪੀ ਵਾ.ਲਾ ਵਿਸ਼ਾ ਰਿਹਾ ਹੈ। ਪੁਰਾਣੇ ਤੋਂ ਪੁਰਾਣੇ ਸਾਹਿਤ ਵਿੱਚ ਸਾਨੂੰ ਰਾਜਨੀਤੀ ਬਾਰੇ ਵਰਣਨ ਮਿਲਦਾ ਹੈ। ਭਾਰਤ ਵਿੱਚ ਕੌਟਲਿਆ, ਯੂਨਾਨ ਵਿੱਚ ਸ਼ੁਕਰਾਤ, ਅਰਸਤੂ ਅਤੇ ਪਲੈਟੋ ਵਰਗੇ ਵਿਦਵਾਨਾਂ ਨੇ ਰਾਜਨੀਤੀ ਬਾਰੇ ਬਹੁਤ ਮਹੱਤਵਪੂਰਨ ਵਿਚਾਰ ਸੰਸਾਰ ਨੂੰ ਦਿੱਤੇ ਹਨ। ਅੱਜ ਦਾ ਯੁੱਗ ਤਾਂ ਲੋਕਤੰਤਰ ਦਾ ਯੁੱਗ ਹੈ ਜਿਸ ਵਿੱਚ ਹਰ ਵਿਅਕਤੀ ਰਾਜਨੀਤਿਕ ਪ੍ਰਬੰਧ ਵਿੱਚ ਭਾਗੀਦਾਰ ਹੁੰਦਾ ਹੈ। ਇਸਤੋਂ ਬਿਨਾਂ ਅੱਜ ਦਾ ਯੁੱਗ ਕਲਿਆਣਕਾਰੀ ਰਾਜਾਂ ਦਾ ਯੁੱਗ ਵੀ ਹੈ ਜਿਸ ਵਿੱਚ ਸਰਕਾਰ ਦੇ ਹਰ ਨਫ਼ੇ–ਨੁਕਸਾਨ ਦਾ ਹਿੱਸੇਦਾਰ ਹਰ ਨਾਗਰਿਕ ਨੂੰ ਬਣਨਾ ਪੈਂਦਾ ਹੈ। ਇਸ ਲਈ ਰਾਜਨੀਤੀ ਬਾਰੇ ਮੌਲਿਕ ਜਾਣਕਾਰੀ ਹੋਣੀ ਸਾਰੇ ਨਾਗਰਿਕਾਂ ਲਈ ਜਰੂਰੀ ਹੈ।

# 2. ਜਿੰਮੇਵਾਰ ਨਾਗਰਿਕਤਾ ਦਾ ਨਿਰਮਾਣ (Construction of a responsible Citizenship)

ਰਾਜਨੀਤੀ ਸ਼ਾਸਤਰ ਦੇ ਅਧਿਐਨ ਨਾਲ਼ ਨਾਗਰਿਕਾਂ ਨੂੰ ਆਪਣੇ ਅਧਿਕਾਰਾਂ ਅਤੇ ਕਰਤੱਵਾਂ ਦਾ ਗਿਆਨ ਹੁੰਦਾ ਹੈ। ਜਿਸ ਰਾਜ ਦੇ ਨਾਗਰਿਕਾਂ ਨੂੰ ਆਪਣੇ ਕਰਤੱਵਾਂ ਦਾ ਗਿਆਨ ਹੁੰਦਾ ਹੈ, ਕਰਤੱਵਾਂ ਦਾ ਪਾਲਣ ਕਰਨ ਦੀ ਉਮੀਦ ਵੀ ਉਸ ਦੇਸ਼ ਦੇ ਨਾਗਰਿਕਾਂ ਤੋਂ ਹੀ ਰੱਖੀ ਜਾ ਸਕਦੀ ਹੈ। ਜਿਸ ਰਾਜ ਦੇ ਨਾਗਰਿਕ ਆਪਣੇ ਕਰਤੱਵਾਂ ਦਾ ਪਾਲਣ ਕਰਦੇ ਹਨ ਉਸ ਰਾਜ ਵਿੱਚ ਵਿਅਕਤੀਆਂ ਦਾ ਸ਼ਾਂਤੀਪੂਰਨ, ਸੁਖਮਈ ਅਤੇ ਵਧੇਰੇ ਸੱਭਿਅਕ ਹੁੰਦਾ ਹੈ। ਜਿਸ ਰਾਜ ਦੇ ਲੋਕ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਹੋਣ ਉਸ ਰਾਜ ਨੂੰ ਕੋਈ ਸ਼ਕਤੀ ਗੁਲਾਮ ਨਹੀਂ ਬਣਾ ਸਕਦੀ। ਇਸ ਤਰਾਂ ਨਾਗਰਿਕਾਂ ਲਈ ਆਪਣੇ ਅਧਿਕਾਰਾਂ ਅਤੇ ਕਰਤੱਵਾਂ ਦਾ ਗਿਆਨ ਹੋਣਾ ਜਰੂਰੀ ਹੈ, ਜਿਹੜਾ ਸਾਨੂੰ ਰਾਜਨੀਤੀ ਸ਼ਾਸਤਰ ਦੇ ਅਧਿਐਨ ਨਾਲ਼ ਪ੍ਰਾਪਤ ਹੁੰਦਾ ਹੈ।

# 3. ਆਪਣੀ ਰਾਜਨੀਤਿਕ ਪ੍ਰਣਾਲ਼ੀ ਸੰਬੰਧੀ ਗਿਆਨ (Knowledge about our own Political System)

ਰਾਜਨੀਤੀ ਸ਼ਾਸਤਰ ਦੇ ਅਧਿਐਨ ਨਾਲ਼ ਸਾਨੂੰ ਆਪਣੀ ਰਾਜਨੀਤਿਕ ਪ੍ਰਣਾਲ਼ੀ ਦੇ ਸਰੂਪ ਅਤੇ ਇਸਦੀ ਕਾਰਜਸ਼ੀਲਤਾ ਬਾਰੇ ਗਿਆਨ ਪ੍ਰਾਪਤ ਹੁੰਦਾ ਹੈ। ਜੇਕਰ ਸਾਡੀ ਰਾਜਨੀਤਿਕ ਪ੍ਰਣਾਲ਼ੀ ਵਿੱਚ ਕੋਈ ਦੋਸ਼ ਪੈਦਾ ਹੁੰਦਾ ਹੈ ਤਾਂ ਉਸਦੀ ਪਹਿਚਾਣ ਅਤੇ ਉਸਨੂੰ ਦੂਰ ਕਰਨ ਦਾ ਉਪਾਅ ਅਸੀਂ ਤਾਂ ਹੀ ਕਰ ਸਕਦੇ ਹਾਂ ਜੇਕਰ ਸਾਨੂੰ ਆਪਣੀ ਰਾਜਨੀਤਿਕ ਪ੍ਰਣਾਲ਼ੀ ਦੇ ਸਰੂਪ ਅਤੇ ਉਦੇਸ਼ਾਂ ਬਾਰੇ ਜਾਣਕਾਰੀ ਹੋਵੇ। ਇਹੀ ਕਾਰਨ ਹੈ ਕਿ ਰਾਜਨੀਤਿਕ ਭ੍ਰਿਸ਼ਟਾਚਾਰ, ਦਲ ਬਦਲੀਆਂ, ਚੋਣ ਧਾਂਦਲੀਆਂ ਅਤੇ ਰਾਜਨੀਤਿਕ ਸ਼ਕਤੀ ਦੀ ਦੁਰਵਰਤੋਂ ਵਰਗੀਆਂ ਬੁਰਾਈਆਂ ਵਿਰੁੱਧ ਆਵਾਜ਼ ਸਭ ਤੋਂ ਪਹਿਲਾਂ ਉਹਨਾ ਲੋਕਾਂ ਦੁਆਰਾ ਹੀ ਉਠਾਈ ਜਾਂਦੀ ਹੈ ਜਿਹਨਾਂ ਨੂੰ ਆਪਣੀ ਰਾਜਨੀਤਿਕ ਪ੍ਰਣਾਲ਼ੀ ਬਾਰੇ ਗਿਆਨ ਹੁੰਦਾ ਹੈ।

# 4. ਵੱਖ–ਵੱਖ ਸ਼ਾਸਨ ਪ੍ਰਣਾਲ਼ੀਆਂ ਦਾ ਤੁਲਨਾਤਮਕ ਅਧਿਐਨ (Comparative study of different Political Systems)

ਰਾਜ ਦਾ ਸ਼ਾਸਨ ਚਲਾਉਣ ਲਈ ਸਰਕਾਰਾਂ ਦੇ ਅਨੇਕਾਂ ਰੂਪ ਸਾਨੂੰ ਵੱਖ–ਵੱਖ ਰਾਜਾਂ ਵਿੱਚ ਮਿਲਦੇ ਹਨ। ਇਹਨਾਂ ਵਿੱਚੋਂ ਹਰ ਕਿਸਮ ਦੀ ਸਰਕਾਰ ਦੇ ਕੁੱਝ ਗੁਣ ਅਤੇ ਕੁੱਝ ਔਗੁਣ ਵੀ ਹੁੰਦੇ ਹਨ। ਇਹਨਾ ਵਿੱਚੋਂ ਕਿਹੜੀ ਪ੍ਰਣਾਲ਼ੀ ਕਿਸ ਤਰਾਂ ਦੇ ਰਾਜ ਲਈ ਵਧੇਰੇ ਢੁਕਵੀਂ ਸਿੱਧ ਹੋਵੇਗੀ, ਇਸਦੇ ਲਈ ਸਾਨੂੰ ਉਹਨਾਂ ਰਾਜਨੀਤਿਕ ਪ੍ਰਣਾਲ਼ੀਆਂ ਦਾ ਅਧਿਐਨ ਕਰਨਾ ਪੈਂਦਾ ਹੈ ਜਿਹੜੀਆਂ ਸਫਲਤਾਪੂਰਵਕ ਚੱਲ ਰਹੀਆਂ ਹਨ। ਇਹ ਅਧਿਐਨ ਅਸੀਂ ਰਾਜਨੀਤੀ ਸ਼ਾਸਤਰ ਦੇ ਵਿਸ਼ੇ ਅਧੀਨ ਹੀ ਕਰਦੇ ਹਾਂ।

## 5. ਰਾਜਨੀਤਿਕ ਸਹਿਭਾਗਤਾ ਦੇ ਗੁਣਾਤਮਕ ਪੱਧਰ ਵਿੱਚ ਵਾਧਾ
## (Growth in the Qualitative level of Political Participation)

ਰਾਜਨੀਤੀ ਸ਼ਾਸਤਰ ਦੇ ਅਧਿਐਨ ਨਾਲ਼ ਵਿਅਕਤੀ ਦੇ ਰਾਜਨੀਤੀ ਸੰਬੰਧੀ ਅਤੇ ਆਪਣੀ ਰਾਜਨੀਤਿਕ ਪ੍ਰਣਾਲ਼ੀ ਦੀ ਕਾਰਜਸ਼ੀਲਤਾ ਸੰਬੰਧੀ ਗਿਆਨ ਵਿੱਚ ਵਾਧਾ ਹੁੰਦਾ ਹੈ। ਇਸ ਨਾਲ਼ ਵਿਅਕਤੀ ਦੀ ਰਾਜਨੀਤਿਕ ਪ੍ਰਣਾਲ਼ੀ ਵਿੱਚ ਰੁਚੀ ਵਿੱਚ ਵਾਧਾ ਹੁੰਦਾ ਹੈ ਅਤੇ ਉਹ ਵਧ-ਚੜ੍ਹ ਕੇ ਰਾਜਨੀਤੀ ਵਿੱਚ ਭਾਗ ਲੈਂਦਾ ਹੈ। ਇਸ ਨਾਲ਼ੋਂ ਵੀ ਵਧੇਰੇ ਮਹੱਤਵਪੂਰਨ ਤੱਥ ਇਹ ਹੈ ਕਿ ਰਾਜਨੀਤਿਕ ਸਹਿਭਾਗਤਾ ਗਿਆਨ ਦੇ ਆਧਾਰ ਤੇ ਹੋਣ ਕਾਰਨ ਇਸਦਾ ਗੁਣਾਤਮਕ ਪੱਧਰ ਵੀ ਉੱਚਾ ਹੁੰਦਾ ਹੈ। ਰਾਜਨੀਤੀ ਸ਼ਾਸਤਰ ਦੇ ਅਧਿਐਨ ਤੋਂ ਜੋ ਗਿਆਨ ਵਿਅਕਤੀ ਨੂੰ ਪ੍ਰਾਪਤ ਹੁੰਦਾ ਹੈ, ਉਸ ਨਾਲ਼ ਉਹ ਰਾਜਨੀਤਿਕ ਖੇਤਰ ਵਿੱਚ ਕਿਸੇ ਦਾ ਪਿਛਲੱਗ ਬਣ ਕੇ ਨਹੀਂ ਸਗੋਂ ਵਿਵੇਕਸ਼ੀਲਤਾ ਦੇ ਆਧਾਰ ਤੇ ਆਪਣੀ ਭੂਮਿਕਾ ਨਿਭਾਉਂਦਾ ਹੈ।

# 6. ਲੋਕਤੰਤਰ ਦੀ ਸਫਲਤਾ ਲਈ ਜਰੂਰੀ
# (Necessary for the Success of Democracy)

ਰਾਜਨੀਤੀ ਸ਼ਾਸਤਰ ਦੇ ਅਧਿਐਨ ਨਾਲ਼ ਵਿਅਕਤੀ ਵਿੱਚ ਆਪਣੇ ਅਧਿਕਾਰਾਂ ਅਤੇ ਕਰਤੱਵਾਂ ਪ੍ਰਤੀ ਜਾਗਰੂਕਤਾ ਆਉਂਦੀ ਹੈ, ਰਾਜਨੀਤਿਕ ਸਹਿਭਾਗਤਾ ਵਿੱਚ ਵਾਧਾ ਹੁੰਦਾ ਹੈ ਅਤੇ ਵਿਅਕਤੀ ਆਪਣੀ ਸ਼ਾਸਨ ਪ੍ਰਣਾਲ਼ੀ ਦੀ ਕਾਰਜਸ਼ੀਲਤਾ ਦੇ ਦੋਸ਼ਾਂ ਨੂੰ ਪਹਿਚਾਣਨ ਦੇ ਯੋਗ ਹੁੰਦਾ ਹੈ। ਇਹ ਸਾਰੇ ਗੁਣ ਲੋਕਤੰਤਰੀ ਪ੍ਰਣਾਲ਼ੀ ਦੇ ਸਹੀ ਸੰਚਾਲਨ ਲਈ ਬਹੁਤ ਜਰੂਰੀ ਹਨ। ਕੋਈ ਲੋਕਤੰਤਰ ਅਸਲ ਵਿੱਚ ਤਾਂ ਹੀ ਕਾਮਯਾਬ ਹੋ ਸਕਦਾ ਹੈ ਜੇਕਰ ਆਪਣੇ ਨਾਗਰਿਕਾਂ ਵਿੱਚ ਉਪਰੋਕਤ ਗੁਣ ਪੈਦਾ ਕਰੇ। ਇਸ ਤਰਾਂ ਰਾਜਨੀਤੀ ਸ਼ਾਸਤਰ ਦਾ ਅਧਿਐਨ ਲੋਕਤੰਤਰ ਦੀ ਸਫਲਤਾ ਲਈ ਵੀ ਬਹੁਤ ਸਹਾਇਕ ਹੈ।

# 7. ਅੰਤਰਰਾਸ਼ਟਰੀ ਸੰਗਠਨਾਂ ਦਾ ਅਧਿਐਨ
# (Study of International Organisations)

ਅੱਜ ਦਾ ਯੁੱਗ ਅੰਤਰਰਾਸ਼ਟਰਵਾਦ ਦਾ ਯੁੱਗ ਹੈ। ਅੱਜ ਵਿਅਕਤੀ ਦੇ ਜੀਵਨ ਤੇ ਉਸਦੇ ਆਪਣੇ ਰਾਜ ਦੀਆਂ ਨੀਤੀਆਂ ਦਾ ਹੀ ਨਹੀਂ ਸਗੋਂ ਅੰਤਰਰਾਸ਼ਟਰੀ ਸੰਗਠਨਾਂ ਦੀਆਂ ਨੀਤੀਆਂ ਦਾ ਵੀ ਪ੍ਰਭਾਵ ਪੈਂਦਾ ਹੈ। ਕਿਹੜਾ ਅੰਤਰਰਾਸ਼ਟਰੀ ਸੰਗਠਨ ਕਿਵੇਂ ਕੰਮ ਕਰਦਾ ਹੈ, ਉਸਦਾ ਆਧਾਰ ਕੀ ਹੈ, ਉਸਦੇ ਉਦੇਸ਼ ਕੀ ਹਨ, ਆਦਿ ਸੰਬੰਧੀ ਗਿਆਨ ਸਾਨੂੰ ਰਾਜਨੀਤੀ ਸ਼ਾਸਤਰ ਦੇ ਅਧਿਐਨ ਤੋਂ ਹੀ ਹੁੰਦਾ ਹੈ।

# 8. ਪ੍ਰਸ਼ਾਸਨ ਨੂੰ ਜਿੰਮੇਵਾਰ ਬਣਾਉਣਾ
# (Making the Administration Responsible)

ਕਿਸੇ ਰਾਜ ਦਾ ਸੰਵਿਧਾਨ ਤੇ ਕਾਨੂੰਨ ਭਾਵੇਂ ਕਿੰਨਾ ਵੀ ਲੋਕਤੰਤਰੀ ਕਿਉਂ ਨਾ ਹੋਵੇ, ਪ੍ਰਸ਼ਾਸਨ ਉਦੋਂ ਤੱਕ ਜਿੰਮੇਵਾਰੀ ਨਾਲ਼ ਕੰਮ ਨਹੀਂ ਕਰਦਾ ਜਦੋਂ ਤੱਕ ਲੋਕ ਜਾਗਰੂਕ ਨਾ ਹੋਣ। ਜੇਕਰ ਲੋਕ ਜਾਗਰੂਕ ਹੋਣਗੇ ਤਾਂ ਹੀ ਪ੍ਰਸ਼ਾਸਨਿਕ ਅਧਿਕਾਰੀ ਆਪਣੀ ਜਿੰਮੇਵਾਰੀ ਪ੍ਰਤੀ ਸੰਵੇਦਨਸ਼ੀਲ ਹੋਣਗੇ। ਨਾਗਰਿਕਾਂ ਵਿੱਚ ਲੋੜੀਂਦੀ ਜਾਗਰੂਕਤਾ ਲਿਆਉਣ ਲਈ ਰਾਜਨੀਤੀ ਸ਼ਾਸਤਰ ਦਾ ਅਧਿਐਨ ਬਹੁਤ ਸਹਾਇਕ ਸਿੱਧ ਹੁੰਦਾ ਹੈ।

# 9. ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਸਫਲਤਾ ਪ੍ਰਾਪਤ ਕਰਨ ਲਈ ਸਹਾਇਕ (Helpful to achieve success in the Competitive Examinations)

ਭਾਰਤ ਵਿੱਚ ਉੱਚ–ਪ੍ਰਸ਼ਾਸਨਿਕ ਅਧਿਕਾਰੀਆਂ ਦੀ ਭਰਤੀ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੇ ਆਧਾਰ ਤੇ ਕੀਤੀ ਜਾਂਦੀ ਹੈ। ਇਹਨਾਂ ਅਧਿਕਾਰੀਆਂ ਤੋਂ ਉਮੀਦ ਕੀਤੀ ਜਾਂਦੀ ਹੈ ਕਿ ਉਹਨਾਂ ਨੂੰ ਆਪਣੇ ਦੇਸ਼ ਦੀ ਰਾਜਨੀਤਿਕ ਪ੍ਰਣਾਲ਼ੀ ਬਾਰੇ ਚੰਗੀ ਤਰਾਂ ਗਿਆਨ ਹੋਵੇ। ਇਸ ਲਈ ਇਹਨਾਂ ਪ੍ਰੀਖਿਆਵਾਂ ਵਿੱਚ ਰਾਜਨੀਤੀ ਸੰਬੰਧੀ ਬਹੁਤ ਸਾਰੇ ਸੁਆਲ ਪੁੱਛੇ ਜਾਂਦੇ ਹਨ। ਅਸੀਂ ਇਹ ਵੀ ਕਹਿ ਸਕਦੇ ਹਾਂ ਕਿ ਦੇਸ਼ ਦੀ ਰਾਜਨੀਤਿਕ ਪ੍ਰਣਾਲ਼ੀ ਬਾਰੇ ਗਿਆਨ ਤੋਂ ਬਿਨਾਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿੱਚ ਸਫਲਤਾ ਪ੍ਰਾਪਤ ਕਰਨੀ ਸੰਭਵ ਹੀ ਨਹੀਂ ਹੈ ਅਤੇ ਇਹ ਗਿਆਨ ਪ੍ਰਾਪਤ ਕਰਨ ਦਾ ਮੌਕਾ ਸਾਨੂੰ ਰਾਜਨੀਤੀ ਸ਼ਾਸਤਰ ਦੇ ਵਿਸ਼ੇ ਦੇ ਅਧਿਐਨ ਦੌਰਾਨ ਮਿਲਦਾ ਹੈ।

# 10. ਰਾਜਨੀਤੀ ਸ਼ਾਸਤਰ– ਇੱਕ 'ਪ੍ਰਧਾਨ ਵਿਗਿਆਨ'
# (Political Science- A 'Master Science')

ਰਾਜਨੀਤੀ ਸ਼ਾਸਤਰ ਦੇ ਪਿਤਾਮਾ ਅਰਸਤੂ ਨੇ ਇਸ ਵਿਸ਼ੇ ਨੂੰ 'ਪ੍ਰਧਾਨ ਵਿਗਿਆਨ' ਹੋਣ ਦੀ ਉਪਾਧੀ ਦਿੱਤੀ ਹੈ। ਇਹ ਉਪਾਧੀ ਸਹੀ ਵੀ ਹੈ ਕਿਉਂਕਿ ਦੂਸਰੇ ਸਾਰੇ ਹੀ ਵਿਸ਼ਿਆਂ ਦੀ ਕਿਸਮਤ ਕਾਫੀ ਹੱਦ ਤੱਕ ਰਾਜਨੀਤੀ ਹੀ ਤੈਅ ਕਰਦੀ ਹੈ। ਰਾਜ ਨੇ ਪ੍ਰਮਾਣੂ ਸ਼ਕਤੀ ਪ੍ਰਾਪਤ ਕਰਨੀ ਹੈ ਜਾਂ ਨਹੀਂ, ਕਿਹੜੇ ਰਾਜ ਨਾਲ਼ ਆਪਣੇ ਸੰਬੰਧ ਕਿਸ ਤਰਾਂ ਦੇ ਰੱਖਣੇ ਹਨ, ਕਿਹੜੇ ਰਾਜਾਂ ਤੋਂ ਮਨੁੱਖ ਸ਼ਕਤੀ ਮੰਗਵਾਉਣੀ ਹੈ, ਕਿਹੜੇ ਖੇਤਰ ਵਿੱਚ ਵਿਦੇਸ਼ੀ ਪੂੰਜੀ ਨਿਵੇਸ਼ ਦੀ ਆਗਿਆ ਦੇਣੀ ਹੈ ਆਦਿ ਅਜਿਹੇ ਵਿਸ਼ੇ ਹਨ ਜਿਹਨਾ ਬਾਰੇ ਫੈਸਲਾ ਲੈਣ ਦੀ ਅੰਤਿਮ ਸ਼ਕਤੀ ਰਾਜ ਕੋਲ਼ ਹੀ ਹੁੰਦੀ ਹੈ।

ਕਿਸੇ ਰਾਜ ਵਿੱਚ ਕੁਦਰਤੀ ਸੋਮਿਆਂ ਦੀ ਉਪਲਭਧਤਾ ਭਾਵੇਂ ਘੱਟ ਹੋਵੇ ਭਾਵੇਂ ਵੱਧ, ਅੱਜ ਜਿਹੜੇ ਰਾਜ ਵਿਕਾਸ ਦੇ ਸਭ ਤੋਂ ਹੇਠਲੇ ਪੜਾਅ ਤੇ ਹਨ ਉਹਨਾ ਸਾਰਿਆਂ ਵਿੱਚ ਇਹ ਤੱਥ ਸਾਂਝਾ ਹੈ ਕਿ ਉਹਨਾਂ ਦੀ ਰਾਜਨੀਤਿਕ ਪ੍ਰਣਾਲ਼ੀ ਵਿੱਚ ਸਥਾਈਪੁਣਾ, ਗਤੀਸ਼ੀਲਤਾ ਅਤੇ ਕੁਸ਼ਲਤਾ ਦੀ ਕਮੀ ਹੈ। ਦੂਜੇ ਪਾਸੇ ਜਿਹੜੇ ਰਾਜ ਅੱਜ ਵਿਕਾਸ ਦੀ ਸ਼ਿਖਰ ਤੇ ਹਨ ਉਹਨਾਂ ਸਾਰਿਆਂ ਵਿੱਚ ਇਹ ਗੱਲ ਜਰੂਰ ਸਾਂਝੀ ਹੈ ਕਿ ਉਹਨਾ ਦੀ ਰਾਜਨੀਤਿਕ ਪ੍ਰਣਾਲ਼ੀ ਵਿੱਚ ਸਥਿਰਤਾ, ਗਤੀਸ਼ੀਲਤਾ ਅਤੇ ਕੁਸ਼ਲਤਾ ਦੇ ਗੁਣ ਹਨ। ਇਸ ਤਰਾਂ ਰਾਜਨੀਤੀ ਦੀ ਭੂਮਿਕਾ ਬਹੁਤ ਦੂਰਪ੍ਰਭਾਵੀ ਹੈ ਅਤੇ ਇਸਦੀ ਮੁਢਲੇ ਪੱਧਰ ਤੱਕ ਸਮਝ ਤਾਂ ਸਾਰਿਆਂ ਨੂੰ ਹੀ ਜਰੂਰ ਹੋਣੀ ਚਾਹੀਦੀ ਹੈ।

# ਸਿੱਟਾ
# (Conclusion)

ਰਾਜਨੀਤੀ ਸ਼ਾਸਤਰ ਇੱਕ ਬਹੁਤ ਹੀ ਮਹੱਤਵਪੂਰਨ ਵਿਸ਼ਾ ਹੈ। ਇਸਦੀ ਮਹੱਤਤਾ ਨੂੰ ਅੱਖੋ-ਪਰੋਖੇ ਕਰਨ ਦੀ ਸਮੱਰਥਾ ਕਿਸੇ ਵੀ ਰਾਜ ਵਿੱਚ ਨਹੀਂ ਹੈ। ਰਾਜਨੀਤੀ ਸ਼ਾਸਤਰ ਦੇ ਅਧਿਐਨ ਦੀ ਸਭ ਤੋਂ ਵੱਧ ਮਹੱਤਤਾ ਤਾਂ ਇਸ ਕਰਕੇ ਹੈ ਕਿ ਇਹ ਜਿੰਮੇਵਾਰ ਨਾਗਰਿਕਤਾ ਪੈਦਾ ਕਰਦਾ ਹੈ। ਨਾਗਰਿਕਾਂ ਵਿੱਚੋਂ ਹੀ ਨੇਤਾ ਪੈਦਾ ਹੁੰਦੇ ਹਨ ਜਿਹੜੇ ਕਿ ਆਪਣੇ ਰਾਜ ਨੂੰ ਅਗਵਾਈ ਪ੍ਰਦਾਨ ਕਰਦੇ ਹਨ। ਭਾਵੇਂ ਅੱਜ ਦੇ ਸਮੇਂ ਨੂੰ ਅੰਤਰਰਾਸ਼ਟਰਵਾਦ ਦਾ ਸਮਾਂ ਕਿਹਾ ਜਾਂਦਾ ਹੈ, ਜਿੱਥੇ ਸਾਰਾ ਸੰਸਾਰ ਇੱਕ 'ਵਿਸ਼ਵੀ ਪਿੰਡ' (Global Village) ਵਾਂਗ ਬਣਦਾ ਜਾ ਰਿਹਾ ਹੈ। ਪ੍ਰੰਤੂ ਫਿਰ ਵੀ ਇਹ ਦੋ ਚੀਜਾਂ- 'ਚੰਗੀ ਨਾਗਰਿਕਤਾ' (Quality Citizenship) ਅਤੇ 'ਚੰਗੀ ਅਗਵਾਈ' (Quality Leadership) ਕਿਸੇ ਵੀ ਹੋਰ ਰਾਜ ਤੋਂ ਨਹੀਂ ਮੰਗਵਾਈਆਂ ਜਾ ਸਕਦੀਆਂ। ਹਰ ਰਾਜ ਨੂੰ ਆਪਣੇ-ਆਪ ਨੂੰ ਚੰਗੇ ਨਾਗਰਿਕ ਅਤੇ ਚੰਗੇ ਨੇਤਾ ਪੈਦਾ ਕਰਨ ਦੇ ਯੋਗ ਬਣਾਉਣਾਂ ਹੀ ਪੈਂਦਾ ਹੈ। ਇਸ ਉਦੇਸ਼ ਦੀ ਪੂਰਤੀ ਲਈ ਰਾਜਨੀਤੀ ਸ਼ਾਸਤਰ ਦਾ ਅਧਿਐਨ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ।

# THANKS

ਪ੍ਰੋ. ਜੋਗਿੰਦਰ ਸਿੰਘ ਖਟੜਾ

ਰਾਜਨੀਤੀ ਸ਼ਾਸਤਰ ਵਿਭਾਗ

ਅਕਾਲ ਡਿਗਰੀ ਕਾਲਜ ਮਸਤੂਆਣਾ